# ਸਥਾਨਕ ਕਿੰਡਰਗਾਰਟਨ ਵਿੱਚ ਸਿੱਖਣਾ



ਹਾਂਗ ਕਾਂਗ ਵਿੱਚ ਕਿੰਡਰਗਾਰਟਨ ਸਿੱਖਿਆ ਦਾ ਉਦੇਸ਼ ਨੈਤਿਕਤਾ, ਬੁੱਧੀ, ਸਰੀਰਿਕ, ਸਮਾਜਿਕ ਹੁਨਰ ਅਤੇ ਸੁੰਦਰਤਾ ਦੇ ਖੇਤਰਾਂ ਵਿੱਚ ਸੰਤੁਲਿਤ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਬੱਚਿਆਂ ਨੂੰ ਅਰਾਮਦਾਇਕ ਅਤੇ ਅਨੰਦਦਾਇਕ ਸਿੱਖਣ ਦਾ ਵਾਤਾਵਰਣ ਪ੍ਰਦਾਨ ਕਰਨਾ ਹੈ।

- ਆਪਣੇ ਬੱਚਿਆਂ ਲਈ ਕਿੰਡਰਗਾਰਟਨ ਦੀ ਚੋਣ ਕਰਦੇ ਸਮੇਂ ਮਾਤਾ-ਪਿਤਾ ਹੇਠਾਂ ਦਿੱਤੇ ਨੁਕਤੇ 'ਤੇ ਵਿਚਾਰ ਕਰ ਸਕਦੇ ਹਨ:
  - ਕੀ ਅੱਧੇ ਦਿਨ ਜਾਂ ਪੂਰੇ ਦਿਨ ਦੇ ਸਿੱਖਿਆ ਸੇਵਾਵਾਂ ਉਹਨਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ;
  - ਕੀ ਕਿੰਡਰਗਾਰਟਨ ਦੀ ਸੇਵਾ ਦੀ ਮਿਆਦ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕਦੀ ਹੈ, ਉਦਾਹਰਣ. ਪ੍ਰਤੀ ਸਾਲ ਛੁੱਟੀ ਦੇ ਦਨਿ ਅਤੇ ਪ੍ਰਤੀ ਦਿਨ ਸਕੂਲੀ ਘੰਟੇ;
  - ਕਿੰਡਰਗਾਰਟਨ ਦਾ ਮਿਸ਼ਨ;
  - ਪਾਠਕ੍ਰਮ ਅਤੇ ਪੜ੍ਹਾਈ ਦੀ ਮੋਡ;
  - ਅਧਿਆਪਕ ਦੀ ਯੋਗਤਾ;
  - ਸਕੂਲ ਦੇ ਵਾਤਾਵਰਣ ਅਤੇ ਸਹੂਲਤਾਂ
  - ਸਕੂਲ ਦੀਆਂ ਫੀਸਾਂ ਅਤੇ ਖਰਚੇ; ਅਤੇ
  - ਕਿੰਡਰਗਾਰਟਨ ਤੋਂ ਆਉਣ ਅਤੇ ਜਾਣ ਸਮੇਂ ਸਫ਼ਰ ਕਰਨ ਦਾ ਸਮਾਂ

- ਕਿਉਂਕਿ ਬੱਚੇ ਪੱਕੇ ਤੌਰ ਤੇ ਵਾਤਾਵਰਨ ਮੁਤਾਬਕ ਢੁਕਣ ਦੇ ਯੋਗ ਹੁੰਦੇ ਹਨ, NCS ਮਾਪਿਆਂ ਨੂੰ ਜਿੰਨੀ ਜਲਦੀ ਹੋ ਸਕੇ ਉਹਨਾਂ ਦੇ ਬੱਚਿਆਂ ਨੂੰ ਚੀਨੀ ਭਾਸ਼ਾ ਜਿੱਖਣ ਦੇ ਯੋਗ ਬਣਾਉਣ ਲਈ ਓਹਨਾਂ ਕਿੰਡਰਗਾਰਟਨ ਭੇਜਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਜੋ ਇੱਕ ਸਥਾਨਕ ਪਾਠਕ੍ਰਮ ਦੀ ਪੇਸ਼ਕਸ਼ ਕਰਦੇ ਹਨ। ਇਹ ਨਿਸ਼ਚਤ ਤੌਰ ਤੇ ਉਨ੍ਹਾਂ ਨੂੰ ਸਥਾਨਕ ਭਾਈਚਾਰੇ ਵਿੱਚ ਜੋੜਨ ਅਤੇ ਚੀਨੀ ਭਾਸ਼ਾ ਵਿੱਚ ਮਦਦਗਾਰ ਹੋਵੇਗਾ। ਇਹ ਭਵਿੱਖ ਵਿੱਚ ਸਥਾਨਕ ਪ੍ਰਾਇਮਰੀ ਸਕੂਲ ਵਿੱਚ ਉਹਨਾਂ ਦੇ ਸਕੂਲੀ ਜੀਵਨ ਵਿੱਚ ਏਕੀਕਰਣ ਨੂੰ ਵੀ ਸਹੂਲਤ ਪ੍ਰਦਾਨ ਕਰੇਗਾ।

- ਕਿੰਡਰਗਾਰਟਨ ਦੀ ਸਿੱਖਿਆ ਬਾਰੇ ਪੁੱਛ-ਪੜਤਾਲ ਕਰਨ ਲਈ ਮਾਤਾ-ਪਿਤਾ ਕਿੰਡਰਗਾਰਟਨ ਅਤੇ ਚਾਈਲਡ ਕੇਅਰ ਸੈਂਟਰਾਂ ਲਈ ਸਾਂਝੇ ਦਫ਼ਤਰ ਨਾਲ ਜਾਂ EDB ਦੇ ਸਬੰਧਿਤ ਸਕੂਲ ਵਿਕਾਸ ਸੈਕਸ਼ਨ ਨਾਲ ਸੰਪਰਕ ਕਰ ਸਕਦੇ ਹਨ, ਜਿਸ ਦੀ ਟੈਲੀਫ਼ੋਨ ਲਿਸਟ ਪੇਜ14 ਤੇ ਉਪਲਬਧ ਹੈ।



**ਸੰਬੰਧਿਤ ਵੈਬਸਾਈਟ**

**ਹਾਂਗ ਕਾਂਗ ਵਿੱਚ ਕਿੰਡਰਗਾਰਟਨ ਸਿੱਖਿਆ:**
http://www.edb.gov.hk/en/edu-system/preprimary-kindergarten/overview/index.html

**ਕਿੰਡਰਗਾਰਟਨ ਅਤੇ ਕਿੰਡਰਗਾਰਟਨ-ਕਮ-ਚਾਈਲਡ ਕੇਅਰ ਸੈਂਟਰਾਂ ਦਾ ਪ੍ਰੋਫਾਈਲ:**
www.chsc.hk/kindergarten/

**ਗੈਰ-ਚੀਨੀ ਬੋਲਣ ਵਾਲੇ (NCS) ਵਿਦਿਆਰਥੀਆਂ ਲਈ ਸਿੱਖਿਆ ਸੇਵਾਵਾਂ (NCS):**
www.edb.gov.hk/ncs